**ਅਧੀਨ ਸੇਵਾਵਾਂ ਚੋਣ ਬੋਰਡ, ਪੰਜਾਬ**

**ਵਣ ਭਵਨ, ਸੈਕਟਰ-68, ਐਸ.ਏ.ਐਸ. ਨਗਰ**

**ਜਨਤਕ ਨੋਟਿਸ**

1.0 ਇਸ਼ਤਿਹਾਰ ਨੰਬਰ 03/2022 (ਕਲਰਕ ਕਮ ਡਾਟਾ ਐਂਟਰੀ ਓਪਰੇਟਰ) ਭਰਤੀ ਦੇ ਟਾਈਪ ਟੈਸਟ ਮਿਤੀ 17/08/2024 ਵਿੱਚ Qualified ਉਮੀਦਵਾਰਾਂ ਤੋਂ ਵਿਭਾਗਾਂ ਦੀ ਪ੍ਰੈਫਰੈਂਸ ਆਨਲਾਈਨ ਬੋਰਡ ਦੀ ਵੈੱਬਸਾਈਟ (https://sssb.punjab.gov.in) ਤੇ ਮਿਤੀ 05/12/2024 ਤੋਂ 10/12/2024 ਤੱਕ ਮੰਗੀਆਂ ਜਾਂਦੀਆਂ ਹਨ। **ਪ੍ਰੈਫਰੈਂਸ ਸਬਮਿਟ ਕਰਨ ਦਾ ਲਿੰਕ ਬੋਰਡ ਦੀ ਵੈੱਬਸਾਈਟ (https://sssb.punjab.gov.in/) ਤੇ ਮਿਤੀ 05/12/2024 ਨੂੰ ਬਾਅਦ ਦੁਪਹਿਰ Open ਹੋਵੇਗਾ।**

2.0 ਵੈਬਸਾਈਟ ਤੇ ਪ੍ਰੈਫਰੈਂਸ ਦਰਜ ਕਰਨ ਲਈ Username ਉਮੀਦਵਾਰ ਦਾ Application No. ਹੋਵੇਗਾ ਅਤੇ Password ਉਮੀਦਵਾਰ ਦੀ ਰਜਿਸਟਰਡ ਈਮੇਲ ਆਈ.ਡੀ. ਤੇ ਭੇਜਿਆ ਜਾਵੇਗਾ।

3.0 ਉਮੀਦਵਾਰ ਮਿਤੀ 10/12/2024 ਤੱਕ ਅਪਣੀਆਂ ਵਿਭਾਗ ਦੀਆਂ ਪ੍ਰੈਫਰੈਂਸ ਵਿੱਚ ਤਬਦੀਲੀ ਕਰ ਸਕਦੇ ਹਨ। ਇਸ ਮਿਤੀ ਤੋਂ ਬਾਅਦ ਦਰਜ ਕੀਤੀ ਗਈ ਪ੍ਰੈਫਰੈਂਸ ਵਿੱਚ ਕਿਸੇ ਵੀ ਕਿਸਮ ਦੀ ਤਬਦੀਲੀ ਨਹੀਂ ਕੀਤੀ ਜਾਵੇਗੀ ਅਤੇ ਨਾ ਹੀ ਇਸ ਸਬੰਧੀ ਕੋਈ ਪ੍ਰਤੀਬੇਨਤੀ ਸਵੀਕਾਰ ਕੀਤੀ ਜਾਵੇਗੀ।

4.0 ਜਿਹੜੇ ਯੋਗ ਉਮਦੀਵਾਰ ਵਿਭਾਗਾਂ ਦੀ ਆਨਲਾਈਨ ਪ੍ਰੈਫਰੈਂਸ ਨਹੀਂ ਭਰਨਗੇ ਉਨ੍ਹਾਂ ਉਮੀਦਵਾਰਾਂ ਦੇ ਵਿਭਾਗਾਂ ਦੀ ਪ੍ਰੈਫਰੈਂਸ ਦੀ ਤਰਤੀਬ ਉਹ ਮੰਨੀ ਜਾਵੇਗੀ ਜਿਸ ਤਰਤੀਬ ਵਿੱਚ ਵਿਭਾਗਾਂ ਦੀਆਂ ਅਸਾਮੀਆਂ ਦਾ ਵੇਰਵਾ ਸੋਧ ਪੱਤਰ ਮਿਤੀ 24/08/2023 ਵਿੱਚ ਦਰਜ ਹੈ, ਜੋ ਕਿ ਬੋਰਡ ਦੀ ਵੈੱਬਸਾਈਟ https://sssb.punjab.gov.in/ ਤੇ ਉਪਲੱਬਧ ਹੈ।

5.0 ਜਿਹੜੇ ਯੋਗ ਉਮੀਦਵਾਰ ਸਾਰੇ ਵਿਭਾਗਾਂ ਵਿੱਚੋਂ ਕੇਵਲ ਕੁਝ ਵਿਭਾਗਾਂ ਦੀ ਪ੍ਰੈਫਰੈਂਸ ਆਨਲਾਈਨ ਦਰਜ ਕਰਨਗੇ, ਉਨ੍ਹਾਂ ਉਮੀਦਵਾਰਾਂ ਦੀ ਰਹਿੰਦੇ ਵਿਭਾਗਾਂ ਦੀ ਪ੍ਰੈਫਰੈਂਸਾ automatically ਉਸੀ ਤਰਤੀਬ ਵਿੱਚ ਦਰਜ ਕੀਤੀ ਜਾਵੇਗੀ ਜਿਹੜੀ ਤਰਤੀਬ ਵਿੱਚ ਵਿਭਾਗਾਂ ਦੀਆਂ ਅਸਾਮੀਆਂ ਦਾ ਵੇਰਵਾ ਸੋਧ ਪੱਤਰ ਮਿਤੀ 24/08/2023 ਵਿੱਚ ਦਰਜ ਹੈ, ਜੋ ਕਿ ਬੋਰਡ ਦੀ ਵੈੱਬਸਾਈਟ https://sssb.punjab.gov.in/ ਤੇ ਉਪਲੱਬਧ ਹੈ।

6.0 ਵਿਭਾਗਾਂ ਦੀ ਪ੍ਰੈਫਰੈਂਸ ਦੇਣ ਲਈ ਕੇਵਲ ਉਨ੍ਹਾਂ ਉਮਦੀਵਾਰਾਂ ਨੂੰ ਪ੍ਰਵਾਨਗੀ ਦਿੱਤੀ ਗਈ ਹੈ ਜੋ ਕਿ ਟਾਈਪ ਟੈਸਟ ਮਿਤੀ 17/08/2024 ਵਿੱਚ Qualified ਹਨ ਅਤੇ ਕੌਂਸਲਿੰਗ ਵਿੱਚ Present ਹੋਏ ਹਨ।

7.0 ਕੇਵਲ ਵਿਭਾਗਾਂ ਦੀ ਪ੍ਰੈਫਰੈਂਸ ਭਰਨ ਨਾਲ ਉਮੀਦਵਾਰ ਦਾ ਕਲਰਕ ਕਮ ਡਾਟਾ ਐਂਟਰੀ ਦੀ ਅਸਾਮੀ ਤੇ ਅਧਿਕਾਰ ਨਹੀਂ ਬਣ ਜਾਂਦਾ ਹੈ।

-ਸਹੀ-

ਸਕੱਤਰ

ਮਿਤੀ-28-11-2024 ਅਧੀਨ ਸੇਵਾਵਾਂ ਚੋਣ ਬੋਰਡ